ਨੰ: 7/43/08-7 ਸਸ/816

**ਪੰਜਾਬ ਸਰਕਾਰ**
**ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ**
**(ਅਪੰਗ ਵਿਅਕਤੀਆਂ ਦੀ ਭਲਾਈ ਸ਼ਾਖਾ)**

O/o Director Social Security Women & Child Dev. Pb. Chd.
AD (WCD) ......
JD (SS) ......
JD (ICDS) ......
DCFA ......
DD I ......
DD II ......
DD III ......
DD PH(V) ......
DD(V) ......
Any Other ......

ਸੇਵਾ ਵਿਖੇ,

1) ~~ਸਮੂਹ ਵਿਭਾਗਾਂ ਦੇ ਮੁਖੀ।~~
2) ਡਵੀਜਨਾਂ ਦੇ ਕਮਿਸ਼ਨਰਜ਼।
3) ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼।
4) ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ।
5) ਰਾਜ ਦੀਆਂ ਸਮੂਹ ਯੂਨੀਵਰਸਿਟੀਆਂ ਦੇ ਰਜਿਸਟਰਾਰ।
6) ਚੇਅਰਮੈਨ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ।
7) ਰਾਜ ਦੇ ਸਮੂਹ ਉਪ-ਮੰਡਲ ਮੈਜਿਸਟ੍ਰੇਟਸ।

ਮਿਤੀ, ਚੰਡੀਗੜ੍ਹ : 8-9-08

**ਵਿਸ਼ਾ:-** **ਨੇਤਰਹੀਣ ਅਤੇ ਅੰਸ਼ਿਕ ਨੇਤਰਹੀਣ ਵਿਅਕਤੀਆਂ ਨੂੰ 2 : 1 ਦੇ ਅਨੁਪਾਤ ਵਿੱਚ ਨੌਕਰੀ ਦੇਣ ਬਾਰੇ।**

*****

ਸ੍ਰੀਮਾਨ ਜੀ,

ਮੈਨੂੰ ਇਹ ਹਦਾਇਤ ਹੋਈ ਹੈ ਕਿ ਮੈਂ ਆਪ ਦਾ ਧਿਆਨ ਇਸ ਵਿਭਾਗ ਵਲੋਂ ਜਾਰੀ ਕੀਤੀਆਂ ਹੋਈਆਂ ਹਦਾਇਤਾਂ ਨੰ: 10/26/95-5 ਐਸ.ਐਸ/1252, ਮਿਤੀ 2.5.1997 ਵੱਲ ਦਿਵਾਵਾਂ ਜਿਸ ਰਾਹੀਂ ਅੰਗਹੀਣ ਵਿਅਕਤੀਆਂ ਨੂੰ ਨੌਕਰੀਆਂ ਵਿੱਚ 3% ਰਾਖਵਾਂਕਰਣ ਦਿੱਤਾ ਗਿਆ ਹੈ, ਜਿਸ ਅਨੁਸਾਰ ਨੇਤਰਹੀਣਾਂ ਜਾਂ ਅੰਸ਼ਿਕ ਤੌਰ ਤੇ ਨੇਤਰਹੀਣ ਨੂੰ 1% ਰਾਖਵਾਂਕਰਣ ਦਿੱਤਾ ਹੋਇਆ ਹੈ। ਸਰਕਾਰ ਨੇ ਇਹ ਫੈਸਲਾ ਲਿਆ ਹੈ ਕਿ ਅਗੇ ਤੋਂ ਨੇਤਰਹੀਣ ਵਿਅਕਤੀਆਂ ਦੇ ਲਈ ਰਾਖਵੀਆਂ ਆਸਾਮੀਆਂ ਨੂੰ ਨੇਤਰਹੀਣ ਅਤੇ ਅੰਸ਼ਿਕ ਤੌਰ ਤੇ ਨੇਤਰਹੀਣ ਵਿਅਕਤੀਆਂ ਵਿਚੋਂ 2 : 1 ਦੇ ਅਨੁਪਾਤ ਵਿਚ ਭਰਿਆ ਜਾਵੇ, ਭਾਵ ਇਸ ਅਪੰਗਤਾ ਨਾਲ ਸਬੰਧਤ ਤਿੰਨ ਆਸਾਮੀਆਂ ਵਿਚੋਂ 2 ਆਸਾਮੀਆਂ ਨੇਤਰਹੀਣਾਂ ਨੂੰ ਅਤੇ 1 ਆਸਾਮੀ ਅੰਸ਼ਿਕ ਤੌਰ ਤੇ ਨੇਤਰਹੀਣ ਨੂੰ ਦਿੱਤੀ ਜਾਵੇਗੀ। ਇਹ ਰਾਖਵਾਂਕਰਣ ਨੇਤਰਹੀਣਾਂ ਨੂੰ ਆਪਣੇ ਰਿਜਰਵ ਕੋਟੇ ਵਿਚੋਂ ਹੀ ਦਿੱਤਾ ਜਾਣਾ ਹੈ।

2. ਕਿਰਪਾ ਕਰਕੇ ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਅਧੀਨ ਸਕੱਤਰ

ਇਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਅਧੀਨ ਵਿਭਾਗਾਂ ਦੇ ਕੰਟਰੋਲ ਹੇਠਲੇ ਦਫਤਰ/ ਬੋਰਡਾਂ/ਕਾਰਪੋਰੇਸ਼ਨਾਂ ਅਤੇ ਹੋਰ ਅਦਾਰਿਆਂ ਵਿਚ ਨੇਤਰਹੀਣਾਂ ਦੀ ਭਰਤੀ ਸਮੇਂ ਨੇਤਰਹੀਣ ਅਤੇ ਅੰਸ਼ਿਕ ਤੌਰ ਤੇ ਨੇਤਰਹੀਣ ਵਿਅਕਤੀਆਂ ਲਈ ਰਾਖਵੀਆਂ ਆਸਾਮੀਆਂ ਨੂੰ 2 : 1 ਦੇ ਅਨੁਪਾਤ ਵਿਚ ਭਰਨ ਨੂੰ ਯਕੀਨੀ ਬਨਾਉਣ।

ਅਧੀਨ ਸਕੱਤਰ

ਸੇਵਾ ਵਿਖੇ,

ਸਮੂਹ ਵਿੱਤੀ ਕਮਿਸ਼ਨਰਜ਼,
ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਪੰ:ਵਿ:ਪੱਤਰ ਨੰ: 7/43/08-7 ਸਸ/ 817

ਮਿਤੀ, ਚੰਡੀਗੜ੍ਹ : 8-9-2008

ਪਿਛਲੇ ਪੰਨੇ ਤੋਂ

**ਸਮਾਜਿਕ ਸੁਰਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ।**

ਪਿੱਠ-ਅੰਕਣ ਨੰ:ਡੀ.ਏ.2(ਸਸ)-2010/ ਮਿੱਤੀ, ਚੰਡੀਗੜ੍ਹ

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੀਆਂ ਹਦਾਇਤਾਂ ਨੰ: 7/43/08-7ਸਸ/816 ਮਿੱਤੀ 8-9-2008 ਦੀ ਇਨ ਬਿੰਨ ਪਾਲਣਾ ਕਰਨ ਦੀ ਖੇਚਲ ਕੀਤੀ ਜਾਵੇ ਜੀ ਅਤੇ ਆਪਣੇ ਅਧੀਨ ਆਉਣ ਵਾਲੇ ਵਿਭਾਗਾ, ਕਾਰਪੋਰੇਸ਼ਨ ਯੂਨੀਵਰਸਿਟੀਆਂ ਆਦਿ ਨੂੰ ਵੀ ਇਨ੍ਹਾਂ ਹਦਾਇਤਾਂ ਅਨੁਸਾਰ ਯੋਗ ਕਾਰਵਾਈ ਕਰਨ ਲਈ ਲਿਖਿਆ ਜਾਵੇ ਜੀ:-

1. ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।
2. ਸਮੂਹ ਵਿਭਾਗਾ ਦੇ ਮੁੱਖੀ।

ਡਿਪਟੀ ਡਾਇਰੈਕਟਰ (ਸਸ-2)